Punjabi | ਪੰਜਾਬੀ


GOVERNMENT OF WESTERN AUSTRALIA

Department of **Local Government, Industry Regulation and Safety**

**WorkSafe** Western Australia


# ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤ ਸਰੀਰ ਵਿੱਚ ਕਿਵੇਂ ਦਾਖ਼ਲ ਹੁੰਦੇ ਹਨ?

ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤਾਂ ਦੇ ਸਰੀਰ ਵਿੱਚ ਦਾਖ਼ਲ ਹੋਣ ਦੇ 3 ਮੁੱਖ ਤਰੀਕੇ ਹਨ।



**ਨਿਗਲਣਾ (ਮੂੰਹ ਰਾਹੀਂ ਸਰੀਰ ਵਿੱਚ ਜਾਣਾ)** ਘੱਟ ਸੰਭਾਵਨਾ ਵਾਲਾ ਤਰੀਕਾ ਹੈ, ਪਰ ਇਹ ਉਦੋਂ ਹੋ ਸਕਦਾ ਹੈ ਜੇਕਰ ਕਰਮਚਾਰੀ ਪ੍ਰਦੂਸ਼ਕ ਤੱਤਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੱਥ ਧੋਤੇ ਬਿਨਾਂ ਖਾਂਦੇ, ਪੀਂਦੇ ਜਾਂ ਸਿਗਰਟ ਪੀਂਦੇ ਹਨ।

**ਸਾਹ ਲੈਣਾ (ਸਾਹ ਰਾਹੀਂ ਸਰੀਰ ਵਿੱਚ ਜਾਣਾ)** ਹਵਾ ਵਿੱਚ ਮੌਜੂਦ ਪ੍ਰਦੂਸ਼ਕਾਂ ਦੇ ਸਰੀਰ ਵਿੱਚ ਦਾਖ਼ਲ ਹੋਣ ਦਾ ਮੁੱਖ ਤਰੀਕਾ ਹੈ। ਫੇਫੜਿਆਂ ਦਾ ਸਤਹੀ ਖੇਤਰ ਵੱਡਾ ਹੁੰਦਾ ਹੈ, ਜੋ ਧੂੜ ਨੂੰ ਅੰਦਰ ਰੋਕ ਸਕਦਾ ਹੈ ਅਤੇ ਪ੍ਰਦੂਸ਼ਕ ਤੱਤਾਂ ਨੂੰ ਆਸਾਨੀ ਨਾਲ ਖ਼ੂਨ ਵਿੱਚ ਦਾਖ਼ਲ ਹੋਣ ਦੇ ਸਕਦਾ ਹੈ।

ਕੁੱਝ ਪਦਾਰਥ, ਜਿਵੇਂ ਕਿ ਸਾਲਵੈਂਟ ਅਤੇ ਤੇਲ, ਚਮੜੀ ਰਾਹੀਂ ਵੀ ਸਰੀਰ ਵਿੱਚ ਦਾਖ਼ਲ ਹੋ ਸਕਦੇ ਹਨ। ਤੁਸੀਂ ਅੱਖਾਂ ਰਾਹੀਂ ਵੀ ਪ੍ਰਦੂਸ਼ਕ ਪਦਾਰਥਾਂ ਨੂੰ ਸੋਖ ਸਕਦੇ ਹੋ।

ਰੁਜ਼ਗਾਰਦਾਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਮਚਾਰੀ ਅਤੇ ਕੰਮ ਵਾਲੀ ਥਾਂ 'ਤੇ ਮੌਜੂਦ ਹੋਰ ਲੋਕ ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤਾਂ ਦੇ ਉਸ ਪੱਧਰ ਦੇ ਸੰਪਰਕ ਵਿੱਚ ਨਾ ਆਉਣ ਜੋ ਕੰਮ ਵਾਲੀ ਥਾਂ 'ਤੇ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਦੀਆਂ ਸੀਮਾਵਾਂ ਤੋਂ ਵੱਧ ਹੋਵੇ।

WES ≫ WEL

ਹੋਰ ਜਾਣਨ ਲਈ ਇਸ QR ਕੋਡ ਨੂੰ ਸਕੈਨ ਕਰੋ, ਜਾਂ
**www.worksafe.wa.gov.au/airborne-contaminants** 'ਤੇ ਜਾਓ।


WSApr26_1584E